# ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਸਲਾਹ ਲੈਣਾ

ਆਪਣਾ ਕਾਰੋਬਾਰ ਸ਼ੁਰੂ ਕਰਨ ਦਾ ਕੰਮ ਮਨ ਨੂੰ ਬੜਾ ਹੀ ਉਤਸ਼ਾਹ ਦੇਣ ਵਾਲਾ ਕੰਮ ਹੋ ਸਕਦਾ ਹੈ। ਪਰ ਸਹੀ ਕਿਸਮ ਦੀ ਸਲਾਹ ਲਏ ਬਿਨਾਂ ਇਸ ਕੰਮ ਵਿਚ ਬੜੇ ਝਮੇਲੇ ਵੀ ਖੜ੍ਹੇ ਹੋ ਸਕਦੇ ਹਨ, ਖ਼ਾਸ ਤੌਰ 'ਤੇ ਕਾਨੂੰਨੀ ਮਸਲਿਆਂ ਦੇ। ਬਹੁਤ ਜ਼ਿਆਦਾ ਵਾਰੀ, ਲੋਕ ਸੋਲਿਸਟਰ ਦੀ ਮਦਦ ਉਸ ਵੇਲੇ ਲੈਂਦੇ ਹਨ ਜਦ ਪਾਣੀ ਸਿਰ ਤੋਂ ਉੱਚਾ ਚਲਿਆ ਜਾਂਦਾ ਹੈ। ਪਰ ਜੇ ਤਦ ਤਕ ਮਸਲੇ ਦਾ ਕੋਈ ਹੱਲ ਨਿਕਲ ਵੀ ਸਕਦਾ ਹੋਵੇ, ਤਦ ਵੀ ਇਹ ਹੱਲ ਉਸ ਕੰਮ ਨਾਲੋਂ ਨਾਲੋਂ ਵੱਧ ਖ਼ਰਚੀਲਾ ਹੁੰਦਾ ਹੈ ਜਿਹਦੇ ਕਰਨ ਨਾਲ ਇਹ ਮਸਲਾ ਪੈਦਾ ਹੀ ਨਹੀਂ ਹੋਣਾ ਸੀ।

ਸਪਸ਼ਟ ਹੈ ਕਿ ਰੋਕਥਾਮ ਇਲਾਜ ਨਾਲੋਂ ਚੰਗੀ ਗੱਲ ਹੈ। ਸ਼ੁਰੂ ਵਿਚ ਹੀ ਕਾਨੂੰਨੀ ਸਲਾਹ ਲੈ ਲੈਣ ਨਾਲ ਤੁਸੀਂ ਮੁਸੀਬਤ ਤੋਂ ਬਚ ਸਕਦੇ ਹੋ। ਸੋਲਿਸਟਰ ਤੁਹਾਨੂੰ ਆ ਸਕਣ ਵਾਲੀਆਂ ਮੁਸ਼ਕਿਲਾਂ ਬਾਰੇ ਖ਼ਬਰਦਾਰ ਕਰ ਸਕਦਾ ਹੈ ਅਤੇ ਉਹਨਾਂ ਤੋਂ ਬਚਣ ਦੇ ਤਰੀਕੇ ਦੱਸ ਸਕਦਾ ਹੈ - ਅਤੇ ਤੁਹਾਡੇ ਕਾਰੋਬਾਰ ਨੂੰ ਖ਼ਤਰੇ ਤੋਂ ਅਤੇ ਤੁਹਾਡੇ ਪੈਸਿਆਂ ਨੂੰ ਵੀ ਬਚਾ ਸਕਦਾ ਹੈ।

## ਸੋਲਿਸਟਰ ਦੀ ਚੋਣ ਅਤੇ ਵਰਤੋਂ ਕਰਨਾ

ਅਜਿਹੇ ਸੋਲਿਸਟਰ ਦੀ ਚੋਣ ਕਰਨਾ ਜ਼ਰੂਰੀ ਹੈ ਜਿਹਨੂੰ ਤੁਹਾਡੀਆਂ ਲੋੜਾਂ ਨਾਲ ਸੰਬੰਧਤ ਜਾਣਕਾਰੀ ਅਤੇ ਤਜਰਬਾ ਹੋਵੇ। "ਤੁਹਾਡੇ ਕਾਰੋਬਾਰ ਦੀ ਸਕੀਮ ਲਈ ਵਕੀਲ" (ਲੌਇਰਜ਼ ਫ਼ੌਰ ਯੁਅਰ ਬਿਜ਼ਨੈੱਸ ਸਕੀਮ) ਦਾ ਮੰਤਵ ਦਰਮਿਆਨੇ-ਸਾਈਜ਼ ਦੇ ਕਾਰੋਬਾਰਾਂ ਨੂੰ ਕਾਰੋਬਾਰੀ ਸਲਾਹ ਦੇਣਾ ਹੈ। ਇਹ ਮੁੱਢਲਾ ਸਲਾਹ ਮਸ਼ਵਰਾ ਮੁਫ਼ਤ ਵੀ ਦਿੰਦੀ ਹੈ। ਤੁਹਾਡੇ ਇਲਾਕੇ ਵਿਚ ਜਿਹੜੇ ਸੋਲਿਸਟਰ "ਤੁਹਾਡੇ ਕਾਰੋਬਾਰ ਦੀ ਸਕੀਮ ਲਈ ਵਕੀਲ" ਸਕੀਮ ਦੇ ਮੈਂਬਰ ਹਨ ਉਹਨਾਂ ਦੀ ਲਿਸਟ ਲੈਣ ਲਈ ਤੁਸੀਂ ਨੰਬਰ 020 7405 9075 'ਤੇ ਫ਼ੋਨ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ - www.lawsociety.org.uk/lfyb

ਜਾਂ ਤੁਸੀਂ ਸਾਡੀ ਵੈੱਬਸਾਈਟ www.lawsociety.org.uk/findasolicitor 'ਤੇ ਜਾ ਸਕਦੇ ਹੋ, ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰ ਸਕਦੇ ਹੋ।

## ਕਾਨੂੰਨੀ ਸਲਾਹ ਅਤੇ ਚੈਕਲਿਸਟ

ਸੋਲਿਸਟਰ ਉਹਨਾਂ ਸਭ ਆਮ ਸਮੱਸਿਆਵਾਂ ਬਾਰੇ ਸਲਾਹ ਦੇ ਸਕਦੇ ਹਨ ਜੋ ਕਿਸੇ ਨਵੇਂ ਕਾਰੋਬਾਰ ਨੂੰ ਪੇਸ਼ ਆ ਸਕਦੀਆਂ ਹਨ। ਉਹ ਮੁਸ਼ਕਿਲਾਂ ਹੱਲ ਕਰਨ ਦੇ ਸਭ ਉਪਾਓ ਲਾਗੂ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਨ। ਇਹ ਫ਼ੈਸਲਾ ਕਰਨ ਲਈ ਕਿ ਤੁਹਾਨੂੰ ਕਿਸ ਕਿਸਮ ਦੀ ਮਦਦ ਦੀ ਲੋੜ ਹੈ, ਉਹਨਾਂ ਨੂੰ ਇਸ ਗੱਲ ਦੀ ਲੋੜ ਪਏਗੀ ਕਿ ਉਹ ਤੁਹਾਡੇ ਕਾਰੋਬਾਰ ਬਾਰੇ ਤੁਹਾਨੂੰ ਕਈ ਸਵਾਲ ਪੁੱਛਣ। ਇਹ ਸਵਾਲ ਹੇਠ ਲਿਖੀਆਂ ਗੱਲਾਂ ਬਾਰੇ ਹੋਣਗੇ:

### ਕੰਪਨੀ ਦਾ ਢਾਂਚਾ

ਜਦ ਤੁਸੀਂ ਕਾਰੋਬਾਰ ਸ਼ੁਰੂ ਕਰੋਗੇ ਅਤੇ ਇਹਨੂੰ ਫੈਲਾਓਗੇ, ਤਾਂ ਤੁਹਾਡੇ ਕਾਰੋਬਾਰ ਦਾ ਢਾਂਚਾ ਇਹਦੀ ਸਫਲਤਾ ਵਿਚ ਬਹੁਤ ਵੱਡਾ ਹਿੱਸਾ ਪਾਏਗਾ। ਕੀ ਤੁਹਾਨੂੰ ਆਪਣਾ ਨਾਂ 'ਤੇ ਕਾਰੋਬਾਰ ਚਲਾਉਣਾ ਚਾਹੀਦਾ ਹੈ ਜਾਂ ਕਿਸੇ ਕੰਪਨੀ ਰਾਹੀਂ? ਜੇ ਤੁਸੀਂ ਹੋਰਨਾਂ ਨਾਲ ਮਿਲ ਕੇ ਕਾਰੋਬਾਰ ਸ਼ੁਰੂ ਕਰ ਰਹੇ ਹੋ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਕੋਸ਼ਿਸ਼ ਦਾ ਤੁਹਾਨੂੰ ਸਹੀ ਲਾਭ ਹੋਵੇ, ਇਸ ਲਈ ਤੁਹਾਨੂੰ ਸ਼ੇਅਰਹੋਲਡਰਾਂ ਨਾਲ ਸਮਝੌਤਾ ਕਰਨ ਦੀ ਜਾਂ ਸਾਂਝੀਦਾਰੀ ਬਾਰੇ ਪ੍ਰਬੰਧ ਕਰਨ ਦੀ ਲੋੜ ਪੈ ਸਕਦੀ ਹੈ। ਤੁਹਾਡਾ ਸੋਲਿਸਟਰ ਤੁਹਾਨੂੰ ਚੁਣ ਸਕਣ ਵਾਲੇ ਵੱਖ ਵੱਖ ਢੰਗਾਂ ਬਾਰੇ ਜਾਣਕਾਰੀ ਦੇ ਸਕਦਾ ਹੈ ਅਤੇ ਸਲਾਹ ਦੇ ਸਕਦਾ ਹੈ ਕਿ ਇਹਨਾਂ ਵਿਚੋਂ ਤੁਹਾਡੇ ਕਾਰੋਬਾਰ ਲਈ ਕਿਹੜਾ ਪ੍ਰਬੰਧ ਸਭ ਤੋਂ ਚੰਗਾ ਹੈ - ਸਾਂਝੀਦਾਰੀ, ਲਿਮਿਟਡ ਕੰਪਨੀ ਜਾਂ ਲਾਇਅਬਿਲਿਟੀ ਲਿਮਿਟਡ ਕੰਪਨੀ। ਤੁਹਾਡਾ ਸੋਲਿਸਟਰ ਤੁਹਾਡੀ ਚੋਣ ਵਾਲਾ ਕਾਰੋਬਾਰ ਸਥਾਪਿਤ ਕਰਨ ਵਿਚ ਵੀ ਮਦਦ ਦੇ ਸਕਦਾ ਹੈ।

### ਤੁਹਾਡੇ ਕਾਰੋਬਾਰ ਦੀ ਥਾਂ

ਆਪਣੇ ਕਾਰੋਬਾਰ ਲਈ ਥਾਂ ਦੀ ਚੋਣ ਕਰਨ ਵੇਲੇ ਲੀਜ਼ ਦੀਆਂ ਸ਼ਰਤਾਂ ਪੂਰੀ ਤਰ੍ਹਾਂ ਸਮਝ ਲੈਣਾ ਤੁਹਾਡੇ ਲਈ ਇਹ ਬਹੁਤ ਜ਼ਰੂਰੀ ਹੈ। ਕੀ ਥਾਂ ਦਾ ਮਾਲਕ ਕਿਰਾਇਆ ਵਧਾ ਸਕਦਾ ਹੈ? ਜੇ ਹਾਂ ਤਾਂ ਕਿਸ ਹਦ ਤਕ? ਕੀ ਤੁਹਾਥੋਂ ਲਏ ਜਾਣ ਵਾਲੇ ਸਰਵਿਸਾਂ ਦੇ ਪੈਸੇ ਲਗਤਾਰ ਵਧਦੇ ਜਾਣਗੇ? ਕੀ ਤੁਹਾਨੂੰ ਇਸ ਥਾਂ ਦੀ ਵਰਤੋਂ ਬਦਲਣ ਲਈ ਪਲਾਨਿੰਗ ਇਜਾਜ਼ਤ ਦੀ ਲੋੜ ਹੈ? ਜੇ ਤੁਸੀਂ ਆਪਣਾ ਕਾਰੋਬਾਰ ਘਰ ਤੋਂ ਚਲਾਉਣ ਦਾ ਫ਼ੈਸਲਾ ਕਰੋ, ਤਾਂ ਕਿਹੜੀਆਂ ਰੋਕਾਂ ਹੋਣਗੀਆਂ? ਤੁਹਾਡਾ ਸੋਲਿਸਟਰ ਇਹਨਾਂ ਸਭਨਾਂ ਸਵਾਲਾਂ ਦੇ ਜਵਾਬ ਤੁਹਾਨੂੰ ਦੇ ਸਕਦਾ ਹੈ?

### ਕਰਜ਼ਾ ਲੈਣਾ

ਹੋ ਸਕਦਾ ਹੈ ਕਿ ਤੁਹਾਨੂੰ ਇਹ ਜਾਨਣ ਦੀ ਲੋੜ ਵੀ ਹੋਵੇ ਕਿ ਤੁਹਾਨੂੰ ਕਿਹਨਾਂ ਥਾਂਵਾਂ ਤੋਂ ਕਰਜ਼ਾ ਮਿਲ ਸਕਦਾ ਹੈ ਅਤੇ ਇਹਦੇ ਕਾਨੂੰਨੀ ਅਸਰ ਕੀ ਪੈ ਸਕਦੇ ਹਨ। ਕੀ ਤੁਹਾਨੂੰ ਆਪਣਾ ਖ਼ਾਨਦਾਨੀ ਘਰ ਮੌਰਗੇਜ ਕਰਨਾ ਪਏਗਾ? ਕੀ ਕਰਜ਼ਾ ਦੇਣ ਵਾਲੇ ਨਾਜਾਇਜ਼ ਸ਼ਰਤਾਂ ਲਾਉਣ 'ਤੇ ਜ਼ੋਰ ਦੇ ਰਹੇ ਹਨ? ਕੀ ਬੈਂਕ ਤੋਂ ਕਰਜ਼ਾ ਲੈਣਾ ਤੁਹਾਡੇ ਲਈ ਵੱਧ ਚੰਗਾ ਹੋ ਸਕਦਾ ਹੈ? ਤੁਹਾਡਾ ਸੋਲਿਸਟਰ ਤੁਹਾਨੂੰ ਇਹਨਾਂ ਗੱਲਾਂ ਬਾਰੇ ਜਾਣਕਾਰੀ ਦੇ ਸਕਦਾ ਹੈ ਅਤੇ ਤੁਹਾਡੇ ਵਲੋਂ ਕਰਜ਼ੇ ਬਾਰੇ ਗੱਲ ਬਾਤ ਕਰਕੇ ਵੀ ਤੁਹਾਡੀ ਮਦਦ ਕਰ ਸਕਦਾ ਹੈ।

### ਟੈਕਸ

ਤੁਹਾਡਾ ਸੋਲਿਸਟਰ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਤੁਸੀਂ ਟੈਕਸਾਂ ਦਾ ਬੋਝ ਕਿਵੇਂ ਘੱਟ ਤੋਂ ਘੱਟ ਕਰ ਸਕਦੇ ਹੋ, ਅਤੇ ਕਾਰੋਬਾਰੀ ਸਾਲ ਸ਼ੁਰੂ ਕਰਨ ਲਈ ਸਭ ਤੋਂ ਚੰਗਾ ਸਮਾਂ ਕਿਹੜਾ ਹੈ।

### ਇੰਨਸ਼ੋਅਰੈਂਸ

ਤੁਹਾਡੇ ਕਾਰੋਬਾਰ ਕਾਰਨ ਤੁਹਾਨੂੰ ਕਈ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਹਨਾਂ ਦਾ ਸੰਬੰਧ ਤੁਹਾਡੇ ਕੰਮ ਦੀ ਥਾਂ, ਕਰਮਚਾਰੀਆਂ, ਪੂੰਜੀ ਜਾਂ ਬਾਹਰੋਂ ਆਉਣ ਵਾਲਿਆਂ ਨਾਲ ਹੋ ਸਕਦਾ ਹੈ। ਮਿਸਾਲ ਵਜੋਂ, ਜੇ ਤੁਹਾਡੀਆਂ ਬਣਾਈਆਂ ਚੀਜ਼ਾਂ ਜਾਂ ਤੁਹਾਡੇ ਕਰਮਚਾਰੀਆਂ ਕਾਰਨ ਕਿਸੇ ਨੂੰ ਸੱਟ ਚੋਟ ਲਗ ਜਾਏ? ਜੇ ਤੁਹਾਡੇ ਲਈ ਕੰਮ ਕਰਦਿਆਂ ਹੋਇਆਂ ਕਿਸੇ ਨੂੰ ਸੱਟ ਚੋਟ ਲਗ ਜਾਏ? ਜੇ ਤੁਹਾਡਾ ਕੋਈ ਕਰਮਚਾਰੀ ਇੰਟਰਨੈੱਟ ਦੀ ਦੁਰਵਰਤੋਂ ਕਰੇ ਅਤੇ ਇਹਦੇ ਲਈ ਤੁਹਾਨੂੰ ਜ਼ਿੰਮੇਵਾਰ ਠਹਿਰਾਇਆ ਜਾਏ? ਤੁਹਾਡਾ ਸੋਲਿਸਟਰ ਤੁਹਾਨੂੰ ਸਲਾਹ ਦੇਵੇਗਾ ਕਿ ਤੁਹਾਨੂੰ ਕਿਹਨਾਂ ਖ਼ਤਰਿਆਂ ਦੀ ਇੰਸ਼ੋਰੈਂਸ ਕਰਵਾਉਣੀ ਚਾਹੀਦੀ ਹੈ।

### ਪੈਸਾ ਸਹੀ ਢੰਗ ਨਾਲ ਆਉਣਾ ਜਾਣਾ

ਪੈਸਾ ਸਹੀ ਢੰਗ ਨਾਲ ਆਉਣਾ ਜਾਣਾ ਕਿਸੇ ਕਾਰੋਬਾਰ ਦੀ ਜਿੰਦ ਜਾਨ ਹੁੰਦਾ ਹੈ। ਤੁਹਾਡਾ ਸੋਲਿਸਟਰ ਤੁਹਾਨੂੰ ਵਪਾਰ ਕਰਨ ਦੀਆਂ ਸਹੀ ਸ਼ਰਤਾਂ ਬਾਰੇ ਦੱਸ ਕੇ ਨਾ ਮਿਲ ਸਕਣ ਵਾਲੇ ਉਧਾਰ ਦੇ ਪੈਸਿਆਂ ਵਾਲੀ ਹਾਲਤ ਤੋਂ ਬਚਾਉਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਉਹ ਉਧਾਰ ਦੇ ਪੈਸੇ ਉਗਰਾਹੁਣ ਬਾਰੇ ਵੀ ਤੁਹਾਨੂੰ ਸਲਾਹ ਦੇ ਸਕਦਾ ਹੈ।

### ਚੀਜ਼ਾਂ ਅਤੇ ਸੇਵਾਵਾਂ

ਚੀਜ਼ਾਂ ਅਤੇ ਸੇਵਾਵਾਂ ਖ਼ਰੀਦਣ ਅਤੇ ਵੇਚਣ ਵੇਲੇ, ਤੁਹਾਨੂੰ ਆਪਣੇ ਕਾਨੂੰਨੀ ਫ਼ਰਜ਼ਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਕਾਂਟ੍ਰੈਕਟ ਦੀਆਂ ਕਿਹੜੀਆਂ ਸ਼ਰਤਾਂ ਕਾਨੂੰਨ ਦੇ ਅਨੁਸਾਰ ਹਨ? ਉਤਪਾਦਨ ਵਾਲੀਆਂ ਚੀਜ਼ਾਂ ਬਾਰੇ ਜ਼ਿੰਮੇਦਾਰੀ ਕੀ ਹੁੰਦੀ ਹੈ? ਇਸ਼ਤਿਹਾਰਾਂ ਅਤੇ ਕਾਰੋਬਾਰ ਦੀ ਮਸ਼ਹੂਰੀ ਕਰਨ ਲਈ ਲਿਖੀਆਂ ਗੱਲਾਂ ਵਿਚ ਤੁਸੀਂ ਕੀ ਕਹਿ ਸਕਦੇ ਹੋ? ਸੋਲਿਸਟਰ ਇਹਨਾਂ ਸਭ ਗੱਲਾਂ ਬਾਰੇ ਵਸੀਹ ਜਾਣਕਾਰੀ ਦੇ ਸਕਦਾ ਹੈ ਅਤੇ ਲੋੜ ਪੈਣ 'ਤੇ ਤੁਹਾਨੂੰ ਕਿਸੇ ਮਾਹਰ ਕੋਲ ਵੀ ਭੇਜ ਸਕਦਾ ਹੈ।

### ਤੁਹਾਡੇ ਵਿਚਾਰਾਂ ਦੀ ਹਿਫ਼ਾਜ਼ਤ ਕਰਨਾ

ਤੁਹਾਡਾ ਸੋਲਿਸਟਰ ਤੁਹਾਡੇ ਡਿਜ਼ਾਈਨਾਂ ਨੂੰ ਤੁਹਾਡੇ ਮੁਕਾਬਲੇ ਵਾਲੇ ਉਹਨਾਂ ਲੋਕਾਂ ਤੋਂ ਬਚਾਉਣ ਵਿਚ ਮਦਦ ਦੇ ਸਕਦਾ ਹੈ ਜਿਹੜੇ ਲੋਕ ਤੁਹਾਡੇ ਵਿਚਾਰ ਚੋਰੀ ਕਰਨਾ ਚਾਹੁੰਦੇ ਹਨ, ਭਾਵੇਂ ਇਹ ਤੁਹਾਡੇ ਵਪਾਰਕ ਨਾਂ ਅਤੇ ਲੋਗੋ ਦੀ ਨਕਲ ਹੋਵੇ ਜਾਂ ਤੁਹਾਡੇ ਉਤਪਾਦਨਾਂ ਦੀ ਨਕਲ।

### ਫ੍ਰੈਂਚਾਈਜ਼ ਕਰਨਾ (ਪਹਿਲਾਂ ਤੋਂ ਸਥਾਪਤ ਵਪਾਰ ਖ਼ਰੀਦਣਾ)

ਸਥਾਪਤ ਜਾਂ ਤਿਆਰ ਹੋਇਆ ਚਲਦਾ ਕਾਰੋਬਾਰ ਖ਼ਰੀਦਣ ਵਾਲੀ ਗੱਲ ਮਨ ਨੂੰ ਚੰਗੀ ਲਗ ਸਕਦੀ ਹੈ, ਇਹਦੇ ਨਾਲ ਆਉਣ ਵਾਲੀਆਂ ਦੇਣਦਾਰੀਆਂ ਅਤੇ ਵਪਾਰਕ ਸਮਝੌਤੇ ਵਿਚ ਛੋਟੇ ਅੱਖਰਾਂ ਵਿਚ ਛਪੀਆਂ ਗੱਲਾਂ ਬਾਰੇ ਵੀ ਸੋਚੋ। ਬਹੁਤ ਵਾਰੀ ਲੋਕ ਮਹਿੰਗੀਆਂ ਚੀਜ਼ਾਂ ਦੇ ਚੱਕਰ ਵਿਚ ਫਸ ਸਕਦੇ ਹਨ ਅਤੇ ਕਾਰੋਬਾਰ ਵੇਚਣ ਵਾਲੇ ਤੋਂ ਉਹਨਾਂ ਨੂੰ ਕੋਈ ਮਦਦ ਨਹੀਂ ਮਿਲਦੀ। ਜੇ ਫ੍ਰੈਂਚਾਈਜ਼ ਕੀਤਾ ਵਪਾਰ ਆਸਾਂ ਦੇ ਅਨੁਸਾਰ ਪੂਰਾ ਨਾ ਉਤਰੇ ਤਾਂ? ਕੀ ਤੁਹਾਡੇ ਪੈਸੇ ਵਾਪਸ ਮਿਲ ਸਕਦੇ ਹਨ? ਫ੍ਰੈਂਚਾਈਜ਼ ਚਲਾਉਣ ਨਾਲ ਸੰਬੰਧਤ ਸਭ ਮਸਲਿਆਂ ਬਾਰੇ ਜਾਣਕਾਰੀ ਤੁਹਾਡਾ ਸੋਲਿਸਟਰ ਦੇ ਸਕਦਾ ਹੈ।

### ਲਾਈਸੰਸ

ਕੀ ਤੁਹਾਨੂੰ ਆਪਣਾ ਕਾਰੋਬਾਰ ਚਲਾਉਣ ਲਈ ਲਾਈਸੰਸ ਦੀ ਲੋੜ ਹੈ? ਜੇ ਲੋੜ ਹੈ ਤਾਂ ਤੁਹਾਡਾ ਸੋਲਿਸਟਰ ਤੁਹਾਨੂੰ ਇਹ ਗੱਲ ਅਤੇ ਲਾਈਸੰਸ ਲਈ ਅਰਜ਼ੀ ਦੇਣ ਦੇ ਢੰਗ ਵੀ ਦੱਸ ਸਕਦਾ ਹੈ।

### ਨੌਕਰੀ ਦੇਣਾ

ਨੌਕਰੀ ਦੇਣ ਨਾਲ ਸੰਬੰਧਤ ਕਾਨੂੰਨ ਗੁੰਝਲਦਾਰ ਹੈ। ਨੌਕਰੀ ਬਾਰੇ ਜ਼ਿਆਦਾਤਰ ਮੌਕਿਆਂ 'ਤੇ ਅਸਹਮਤੀ ਮਾੜੇ ਢੰਗ ਨਾਲ ਲਿਖੇ ਨੌਕਰੀ ਦੇ ਕਾਂਟ੍ਰੈਕਟਾਂ ਜਾਂ ਨੌਕਰੀ ਤੋਂ ਹਟਾਉਣ ਦੇ ਢੰਗਾਂ ਕਾਰਨ ਹੁੰਦੀ ਹੈ ਜਿਹੜੇ ਢੰਗ ਕਾਨੂੰਨੀ ਸ਼ਰਤਾਂ ਦੇ ਅਨੁਸਾਰ ਨਹੀਂ ਬਣਾਏ ਹੁੰਦੇ। ਤੁਹਾਡਾ ਸੋਲਿਸਟਰ ਤੁਹਾਡੇ ਕਾਂਟ੍ਰੈਕਟਾਂ ਦੇ ਸਹੀ ਹੋਣ ਬਾਰੇ ਪਤਾ ਕਰ ਸਕਦਾ ਹੈ ਅਤੇ ਇਸ ਕਿਸਮ ਦੀ ਅਸਹਮਤੀ ਹੋਣੋਂ ਰੋਕ ਸਕਦਾ ਹੈ।

# ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

**ਅਸਹਮਤੀ ਅਤੇ ਮਸਲੇ**

ਕਾਰੋਬਾਰ ਵਿਚ ਵਾਪਰ ਸਕਣ ਵਾਲੀਆਂ ਸਭ ਗੱਲਾਂ ਬਾਰੇ ਯੋਜਨਾ ਬਣਾ ਲੈਣਾ ਆਮ ਤੌਰ 'ਤੇ ਸਭ ਤੋਂ ਚੰਗੀ ਗੱਲ ਹੁੰਦੀ ਹੈ। ਜੇ ਕਿਸੇ ਸਾਂਝੀਦਾਰ ਜਾਂ ਸ਼ੇਅਰਹੋਲਡਰ ਨਾਲ ਤੁਹਾਡਾ ਝਗੜਾ ਹੋ ਜਾਏ, ਤਾਂ? ਕੀ ਤੁਹਾਨੂੰ ਕੱਢਿਆ ਜਾ ਸਕਦਾ ਹੈ? ਤੁਸੀਂ ਇਹ ਯਕੀਨੀ ਕਿਵੇਂ ਬਣਾ ਸਕਦੇ ਹੋ ਕਿ ਜ਼ਿੰਮੇਦਾਰੀਆਂ ਅਤੇ ਮੁਨਾਫ਼ੇ ਦੀ ਵੰਡ ਨਿਆਂਪੂਰਨ ਢੰਗ ਨਾਲ ਹੋਵੇ? ਜੇ ਤੁਸੀਂ ਬੀਮਾਰ ਹੋ ਜਾਓ ਜਾਂ ਤੁਹਾਡੀ ਮੌਤ ਹੋ ਜਾਏ, ਤਾਂ ਕਾਰੋਬਾਰ ਦਾ ਕੀ ਬਣੇਗਾ? ਕੀ ਤੁਹਾਡੇ ਪਤੀ, ਪਤਨੀ, ਸਾਥੀ ਜਾਂ ਘਰ ਦੀ ਸਹੀ ਹਿਫ਼ਾਜ਼ਤ ਹੋਏਗੀ? ਇਹਨਾਂ ਸਭ ਸਵਾਲਾਂ ਦੇ ਜਵਾਬ ਸੋਲਿਸਟਰ ਤੁਹਾਨੂੰ ਦੇ ਸਕਦਾ ਹੈ।

## ਖ਼ਰਚ

ਜੇ ਤੁਸੀਂ "ਤੁਹਾਡੇ ਕਾਰੋਬਾਰ ਦੀ ਸਕੀਮ ਲਈ ਵਕੀਲ" ਸਕੀਮ ਦੇ ਰਾਹੀਂ ਸੋਲਿਸਟਰ ਲੱਭੋ, ਤਾਂ ਤੁਹਾਡੇ ਨਾਲ ਪਹਿਲੀ ਮੀਟਿੰਗ ਦੀ ਫ਼ੀਸ ਨਹੀਂ ਲਈ ਜਾਏਗੀ। ਬਾਅਦ ਵਿਚ ਸੋਲਿਸਟਰ ਨਿਸ਼ਚਿਤ ਫ਼ੀਸ ਜਾਂ ਘੰਟਿਆਂ ਦੇ ਹਿਸਾਬ ਵਾਲੇ ਆਮ ਢੰਗ ਨਾਲ ਫ਼ੀਸ ਲਏਗਾ।

ਵੱਖ ਵੱਖ ਸੋਲਿਸਟਰਾਂ ਦੀਆਂ ਫ਼ੀਸਾਂ ਵੱਖ ਵੱਖ ਹੁੰਦੀਆਂ ਹਨ, ਜੋ ਇਹਨਾਂ ਗੱਲਾਂ 'ਤੇ ਨਿਰਭਰ ਹੁੰਦੀਆਂ ਹਨ:

- ਤੁਹਾਡੇ ਨਿਜੀ ਹਾਲਾਤ;
- ਤੁਹਾਡੇ ਸੋਲਿਸਟਰ ਦਾ ਤਜਰਬਾ ਅਤੇ ਜਾਣਕਾਰੀ; ਅਤੇ
- ਤੁਹਾਨੂੰ ਕਿਸ ਕਿਸਮ ਦੀ ਸਲਾਹ ਚਾਹੀਦੀ ਹੈ।

ਇਸ ਕਰਕੇ, ਗੱਲ ਅੱਗੇ ਵਧਾਉਣ ਤੋਂ ਪਹਿਲਾਂ ਤੁਹਾਨੂੰ ਖ਼ਰਚ ਦਾ ਅੰਦਾਜ਼ਾ ਪੁੱਛ ਲੈਣਾ ਚਾਹੀਦਾ ਹੈ।

## ਵਧੇਰੇ ਜਾਣਕਾਰੀ

"ਤੁਹਾਡੇ ਕਾਰੋਬਾਰ ਦੀ ਸਕੀਮ ਲਈ ਵਕੀਲ" ਨੇ ਕਾਨੂੰਨੀ ਸਮੱਸਿਆਵਾਂ ਨਾਲ ਨਿਪਟਣ ਵਿਚ ਕਾਰੋਬਾਰਾਂ ਦੀ ਮਦਦ ਕਰਨ ਲਈ ਇਕ ਇਕ ਗੱਲ ਸਮਝਾਉਣ ਲਈ ਗਾਈਡਾਂ ਤਿਆਰ ਕੀਤੀਆਂ ਹਨ।

**ਇਹਨਾਂ ਗਾਈਡਾਂ ਵਿਚ ਹੇਠ ਲਿਖੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ ਹੋਈ ਹੈ:**

- ਨੌਕਰੀ ਦੇਣ ਨਾਲ ਸੰਬੰਧਤ ਕਾਨੂੰਨ;
- ਕਾਰੋਬਾਰ ਦੀ ਥਾਂ;
- ਗਾਹਕਾਂ ਅਤੇ ਮਾਲ ਸਪਲਾਈ ਕਰਨ ਵਾਲਿਆਂ ਨਾਲ ਕਾਂਟ੍ਰੈਕਟ
- ਸਿਹਤ ਅਤੇ ਸਮੱਸਿਆ ਦੇ ਮਸਲੇ;
- ਪੈਸੇ ਉਧਾਰ ਲੈਣਾ; ਅਤੇ
- ਆਪਣੇ ਕਾਰੋਬਾਰ ਦਾ ਢਾਂਚਾ ਬਣਾਉਣਾ।

**ਇਹਨਾਂ ਗਾਈਡਾਂ ਦੀਆਂ ਕਾਪੀਆਂ ਤੁਸੀਂ ਇਹਨਾਂ ਢੰਗਾਂ ਨਾਲ ਲੈ ਸਕਦੇ ਹੋ:**

- ਨੰਬਰ 020 7405 9075 'ਤੇ ਫ਼ੋਨ ਕਰਕੇ;
- ਇਸ ਵੈੱਬਸਾਈਟ 'ਤੇ ਜਾ ਕੇ - www.lawsociety.org.uk/lfyb, ਜਾਂ
- ਇਸ ਪਤੇ 'ਤੇ ਖ਼ਤ ਲਿਖ ਕੇ -

  Lawyers For Your Business
  The Law Society
  113 Chancery Lane
  London
  WC2A 1PL

**ਇਹ ਪਰਚਾ ਤੁਸੀਂ ਵੱਡੇ ਅੱਖਰਾਂ ਜਾਂ ਬ੍ਰੇਲ ਵਿਚ, ਸੁਣਨ ਵਾਲੀ ਟੇਪ 'ਤੇ ਅਤੇ ਸੀ ਡੀ 'ਤੇ ਵੀ ਮੰਗਵਾ ਸਕਦੇ ਹੋ। ਜੇ ਇਹ ਪਰਚਾ ਤੁਹਾਨੂੰ ਇਹਨਾਂ ਵਿਚੋਂ ਕਿਸੇ ਵੀ ਰੂਪ ਵਿਚ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਪਤੇ 'ਤੇ ਸੰਪਰਕ ਕਰੋ accessibility@lawsociety.org.uk ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰੋ।**

**ਇਹ ਪਰਚਾ ਤੁਸੀਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਪੜ੍ਹ ਸਕਦੇ ਹੋ। ਇਹਦੇ ਲਈ ਤੁਸੀਂ ਸਾਡੀ ਇਸ ਵੈੱਬਸਾਈਟ 'ਤੇ ਜਾਓ - www.lawsociety.org.uk.**

Lexcel

Look for Lexcel - the mark of excellence



ਭਾਵੇਂ ਅਸੀਂ ਸਹੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਾਨੂੰਨ ਸਦਾ ਬਦਲਦਾ ਰਹਿੰਦਾ ਹੈ, ਅਤੇ ਇਹਦਾ ਅਸਰ ਹਰ ਵਿਅਕਤੀ 'ਤੇ ਵੱਖ ਵੱਖ ਤਰ੍ਹਾਂ ਪੈਂਦਾ ਹੈ। ਇਹ ਪਰਚਾ ਤੁਹਾਡੇ ਬਾਰੇ ਖ਼ਾਸ ਨਿਜੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਅਤੇ ਜੇ ਤੁਸੀਂ ਇਸ ਪਰਚੇ 'ਤੇ ਹੀ ਨਿਰਭਰ ਰਹੋ, ਤਾਂ ਅਸੀਂ ਤੁਹਾਡੇ ਲਈ ਜ਼ਿੰਮੇਦਾਰ ਨਹੀਂ ਹੋਵਾਂਗੇ।

Designed by dmlmarketing.co.uk Version 2, 2007 Your guide to setting up in business – Punjabi